# ਖਰੜਾ

ਸਾਊਥ ਆਸਟ੍ਰੇਲੀਆ

# ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ ਬਚਾਓ) (ਪਾਬੰਦੀਸ਼ੁਦਾ ਪਲਾਸਟਿਕ ਉਤਪਾਦ) ਸੋਧ ਕਾਨੂੰਨ 2023 (Single-use and Other Plastic Products (Waste Avoidance) (Prohibited Plastic Products) Amendment Regulations 2023)

*ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ ਬਚਾਓ) ਐਕਟ 2020 (Single-use and Other Plastic Products (Waste Avoidance) Act 2020) ਦੇ ਤਹਿਤ*

## ਵਿਸ਼ਾ-ਵਸਤੂ


ਭਾਗ 1 — ਆਰੰਭਿਕ

1 ਛੋਟਾ ਸਿਰਲੇਖ
2 ਸ਼ੁਰੂਆਤ

ਭਾਗ 2 — *ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ ਬਚਾਓ) ਐਕਟ 2021(Single-use and Other Plastic Products (Waste Avoidance) Regulations 2021)* ਵਿੱਚ ਸੋਧ

3 ਨਿਯਮ 3 ਦੀ ਸੋਧ - ਵਿਆਖਿਆ
4 ਨਿਯਮ 3A ਨੂੰ ਸ਼ਾਮਿਲ ਕਰਨਾ
3A ਪਾਬੰਦੀਸ਼ੁਦਾ ਪਲਾਸਟਿਕ ਉਤਪਾਦ ਦੀ ਪਰਿਭਾਸ਼ਾ (ਇਸ ਐਕਟ ਦੀ ਧਾਰਾ 6(1)(h)) — ਸ਼ਾਮਿਲ ਚੀਜ਼ਾਂ
5 ਨਿਯਮ 8 ਨੂੰ ਸ਼ਾਮਿਲ ਕਰਨਾ
8 ਪਲਾਸਟਿਕ-ਦੀ-ਡੰਡੀ ਵਾਲੇ ਰੂੰ ਦੇ ਫੰਬਿਆਂ ਅਤੇ ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰਿਆਂ ਲਈ ਛੋਟ


## ਭਾਗ 1— ਆਰੰਭਿਕ

### 1 — ਛੋਟਾ ਸਿਰਲੇਖ

ਇਹਨਾਂ ਨਿਯਮਾਂ ਦਾ *ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ ਬਚਾਓ) (ਪਾਬੰਦੀਸ਼ੁਦਾ ਪਲਾਸਟਿਕ ਉਤਪਾਦ) ਸੋਧ ਕਾਨੂੰਨ 2023* ਵਜੋਂ ਹਵਾਲਾ ਦਿੱਤਾ ਜਾ ਸਕਦਾ ਹੈ।

### 2 — ਸ਼ੁਰੂਆਤ

ਇਹ ਨਿਯਮ 1 ਸਤੰਬਰ 2023 ਤੋਂ ਲਾਗੂ ਹੋਣਗੇ।

## ਭਾਗ 2 — *ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ ਬਚਾਓ) ਐਕਟ 2021* ਵਿੱਚ ਸੋਧ

### 3—ਨਿਯਮ 3 ਦੀ ਸੋਧ - ਵਿਆਖਿਆ

(1) ਨਿਯਮ 3 — ***ਫਾਰਮੇਸੀ ਕਾਰੋਬਾਰ*** ਦੀ ਪਰਿਭਾਸ਼ਾ ਦੇ ਬਾਅਦ, ਇਹ ਸ਼ਾਮਿਲ ਕੀਤਾ ਗਿਆ ਹੈ:

***ਪੀਜ਼ਾ ਸੇਵਰ*** ਦਾ ਭਾਵ ਇੱਕ ਅਜਿਹਾ ਯੰਤਰ ਹੈ ਜੋ ਪੀਜ਼ੇ ਦੇ ਡੱਬੇ ਵਿੱਚ ਰੱਖਣ ਦੇ ਇਰਾਦੇ ਨਾਲ ਇਸ ਲਈ ਡਿਜ਼ਾਇਨ ਕੀਤਾ ਜਾਂ ਬਣਾਇਆ ਗਿਆ ਹੈ ਤਾਂ ਜੋ ਉਸ ਡੱਬੇ ਦੇ ਢੱਕਣ ਨੂੰ ਡੱਬੇ ਵਿੱਚ



DRAFT

ਮੌਜੂਦ ਪੀਜ਼ੇ ਨੂੰ ਛੂਹਣ ਤੋਂ ਰੋਕਿਆ ਜਾ ਸਕੇ;

***ਪਲਾਸਟਿਕ-ਦੀ-ਡੰਡੀ ਵਾਲੇ ਰੂੰ ਦੇ ਫੰਬੇ*** ਦਾ ਭਾਵ ਉਸ ਉਤਪਾਦ ਤੋਂ ਹੈ ਜਿਸ ਦੀ ਇੱਕ ਡੰਡੀ ਹੁੰਦੀ ਹੈ ਜਿਸ ਦਾ ਪੂਰਾ ਜਾਂ ਕੁੱਝ ਹਿੱਸਾ ਪਲਾਸਟਿਕ ਦਾ ਬਣਿਆ ਹੁੰਦਾ ਹੈ ਅਤੇ ਜਿਸ ਵਿੱਚ ਸੂਤੀ ਉੱਨ, ਸਿੰਥੈਟਿਕ ਫਾਈਬਰ ਜਾਂ ਕੁੱਝ ਹੋਰ ਅਜਿਹੇ ਪਦਾਰਥ 1 ਜਾਂ ਦੋਵਾਂ ਸਿਰਿਆਂ ਦੁਆਲੇ ਲਪੇਟੇ ਹੋਏ ਹੁੰਦੇ ਹਨ;

(2) ਨਿਯਮ 3 — ***ਸੰਬੰਧਿਤ ਭੋਜਨ ਜਾਂ ਪੀਣ ਵਾਲੇ ਉਤਪਾਦ*** ਦੀ ਪਰਿਭਾਸ਼ਾ ਤੋਂ ਬਾਅਦ, ਇਹ ਸ਼ਾਮਿਲ ਕੀਤਾ ਗਿਆ ਹੈ:

***ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰੇ*** ਵਿੱਚ ਇਹ ਸ਼ਾਮਲ ਨਹੀਂ ਹੈ- —

(a) ਫ਼ੈਲਾਇਆ ਹੋਇਆ ਪੋਲੀਸਟੀਰੀਨ ਕਟੋਰਾ; ਜਾਂ

(b) ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਕਟੋਰੇ ਨੂੰ ਵਿਚਲੇ ਸਮਾਨ ਨੂੰ ਡੁੱਲ੍ਹਣ ਤੋਂ ਬਚਾਉਣ ਲਈ ਢੱਕਣ ਲੱਗਣ ਲਈ ਡਿਜ਼ਾਇਨ ਕੀਤਾ ਗਿਆ ਹੈ ਜਾਂ ਲਗਾਉਣ ਦਾ ਇਰਾਦਾ ਹੈ, ਭਾਵੇਂ ਢੱਕਣ ਵੱਖਰਾ ਹੋਵੇ ਜਾਂ ਨਾਲ ਜੁੜਿਆ ਹੋਵੇ; ਜਾਂ

(c) ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦਾ ਕਟੋਰਾ ਜੋ ਕਿਸੇ ਸੰਬੰਧਿਤ ਭੋਜਨ ਜਾਂ ਪੀਣ ਵਾਲੇ ਉਤਪਾਦ ਦੀ ਪੈਕੇਜਿੰਗ ਦਾ ਹਿੱਸਾ ਬਣਦਾ ਹੈ; ਜਾਂ

(d) 1 ਨਵੰਬਰ 2024 ਤੋਂ ਪਹਿਲਾਂ — ਪਲਾਸਟਿਕ ਦੀ ਪਰਤ ਚੜ੍ਹਿਆ ਕਾਗਜ਼ ਜਾਂ ਗੱਤੇ ਦਾ ਕਟੋਰਾ;

***ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੀ ਪਲੇਟ*** ਵਿੱਚ ਇਹ ਸ਼ਾਮਲ ਨਹੀਂ ਹੈ- —

(a) ਫ਼ੈਲਾਈ ਹੋਈ ਪੋਲੀਸਟੀਰੀਨ ਪਲੇਟ; ਜਾਂ

(b) ਇੱਕ-ਵਾਰ-ਵਰਤੋਂ ਕਰਨ ਵਾਲੀ ਪਲਾਸਟਿਕ ਪਲੇਟ ਜੋ ਕਿਸੇ ਸੰਬੰਧਿਤ ਭੋਜਨ ਜਾਂ ਪੀਣ ਵਾਲੇ ਉਤਪਾਦ ਦੀ ਪੈਕੇਜਿੰਗ ਦਾ ਹਿੱਸਾ ਬਣਦੀ ਹੈ; ਜਾਂ

(c) 1 ਨਵੰਬਰ 2024 ਤੋਂ ਪਹਿਲਾਂ — ਪਲਾਸਟਿਕ ਦੀ ਪਰਤ ਚੜ੍ਹਿਆ ਕਾਗਜ਼ ਜਾਂ ਗੱਤੇ ਦਾ ਕਟੋਰਾ;

## 4 — ਨਿਯਮ 3A ਨੂੰ ਸ਼ਾਮਿਲ ਕਰਨਾ

ਨਿਯਮ 3A ਨੂੰ ਸ਼ਾਮਿਲ ਕਰਨ ਤੋਂ ਬਾਅਦ:

### 3A — ਪਾਬੰਦੀਸ਼ੁਦਾ ਪਲਾਸਟਿਕ ਉਤਪਾਦ ਦੀ ਪਰਿਭਾਸ਼ਾ (ਇਸ ਐਕਟ ਦੀ ਧਾਰਾ 6(1)(h))—ਸ਼ਾਮਿਲ ਚੀਜ਼ਾਂ

ਇਸ ਐਕਟ ਦੀ ਧਾਰਾ 6(1)(h) ਦੇ ਅਨੁਸਾਰ, ਨਿਮਨਲਿਖਤ ਪਲਾਸਟਿਕ ਉਤਪਾਦ, ਜਾਂ ਇੱਕ ਸ਼੍ਰੇਣੀ ਦੇ ਪਲਾਸਟਿਕ ਉਤਪਾਦ, ***ਪਾਬੰਦੀਸ਼ੁਦਾ ਪਲਾਸਟਿਕ ਉਤਪਾਦ*** ਦੀ ਪਰਿਭਾਸ਼ਾ ਦੇ ਦਾਇਰੇ ਵਿੱਚ ਸ਼ਾਮਲ ਕੀਤੇ ਗਏ ਹਨ:

(a) ਪਲਾਸਟਿਕ ਪੀਜ਼ਾ ਸੇਵਰ;

(b) ਪਲਾਸਟਿਕ ਦੀ ਡੰਡੀ ਵਾਲਾ ਰੂੰ ਦਾ ਫੰਬਾ;

(c) ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਕਟੋਰਾ;

(d) ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਪਲੇਟ।

## 5 — ਨਿਯਮ 8 ਨੂੰ ਸ਼ਾਮਿਲ ਕਰਨਾ

ਨਿਯਮ 7 ਨੂੰ ਸ਼ਾਮਿਲ ਕਰਨ ਤੋਂ ਬਾਅਦ:



DRAFT

## 8 — ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬੇ ਅਤੇ ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰੇ ਲਈ ਛੋਟਾਂ

(1) ਇਸ ਐਕਟ ਦੀ ਧਾਰਾ 16(1) ਦੇ ਅਨੁਸਾਰ, ਕਿਸੇ ਵਿਅਕਤੀ ਨੂੰ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬੇ ਅਤੇ ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰੇ ਦੇ ਸੰਬੰਧ ਵਿੱਚ ਇਸ ਐਕਟ ਦੀ ਧਾਰਾ 7(1) ਤੋਂ ਛੋਟ ਦਿੱਤੀ ਜਾਂਦੀ ਹੈ ਜੇਕਰ ਉਹ ਵਿਅਕਤੀ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬੇ ਅਤੇ ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰੇ ਵੇਚਦਾ ਹੈ, ਸਪਲਾਈ ਕਰਦਾ ਹੈ ਜਾਂ ਵੰਡਦਾ ਹੈ (ਜਿਵੇਂ ਵੀ ਮਾਮਲੇ ਦੀ ਲੋੜ ਹੈ) ਅਤੇ ਉਹ ਵਿਅਕਤੀ ਇਨ੍ਹਾਂ ਵਾਜਬ ਆਧਾਰਾਂ ਦੀ ਸੰਤੁਸ਼ਟੀ ਕਰਦਾ ਹੈ—

(a) ਇਹ ਕਿ ਉਹ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬੇ ਅਤੇ ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰਿਆਂ ਦੀ ਵਿਕਰੀ, ਸਪਲਾਈ ਜਾਂ ਵੰਡ ਆਮ ਜਨਤਾ ਦੇ ਮੈਂਬਰ ਨੂੰ ਨਹੀਂ ਕਰਦਾ ਹੈ; ਅਤੇ

(b) ਇਹ ਕਿ ਉਹ ਵਿਕਰੀ, ਸਪਲਾਈ ਜਾਂ ਵੰਡ ਉਸ ਵਿਅਕਤੀ ਨੂੰ ਕਰਦਾ ਹੈ ਜੋ ਮੈਡੀਕਲ, ਵਿਗਿਆਨਕ, ਕਾਨੂੰਨ ਲਾਗੂ ਕਰਨ ਜਾਂ ਫੋਰੈਂਸਿਕ ਉਦੇਸ਼ਾਂ ਲਈ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬੇ ਅਤੇ ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰਿਆਂ (ਜਿਵੇਂ ਵੀ ਮਾਮਲੇ ਦੀ ਲੋੜ ਹੈ) ਦੀ ਵਰਤੋਂ ਕਰਦਾ ਹੈ, ਜਾਂ ਕਿਸੇ ਅਜਿਹੇ ਵਿਅਕਤੀ ਨੂੰ ਵਿਕਰੀ, ਸਪਲਾਈ ਜਾਂ ਵੰਡ ਨੂੰ ਸਮਰੱਥ ਬਣਾਉਣ ਲਈ ਕਰਦਾ ਹੈ ਜੋ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬੇ ਅਤੇ ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰਿਆਂ ਦੀ ਮੈਡੀਕਲ, ਵਿਗਿਆਨਕ, ਕਾਨੂੰਨ ਲਾਗੂ ਕਰਨ ਜਾਂ ਫੋਰੈਂਸਿਕ ਉਦੇਸ਼ਾਂ ਲਈ ਵਰਤੋਂ ਕਰਦਾ ਹੈ।

(2) ਇਸ ਐਕਟ ਦੀ ਧਾਰਾ 16(1) ਦੇ ਅਨੁਸਾਰ, ਕਿਸੇ ਵਿਅਕਤੀ ਨੂੰ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬਿਆਂ ਦੇ ਸੰਬੰਧ ਵਿੱਚ ਇਸ ਐਕਟ ਦੀ ਧਾਰਾ 7(1) ਤੋਂ ਛੋਟ ਹੈ ਜੇਕਰ ਉਹ ਵਿਅਕਤੀ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬਿਆਂ ਨੂੰ ਫਸਟ ਏਡ ਕਿੱਟ ਜਾਂ ਮੈਡੀਕਲ, ਵਿਗਿਆਨਕ, ਕਾਨੂੰਨ ਲਾਗੂ ਕਰਨ ਜਾਂ ਫੋਰੈਂਸਿਕ ਜਾਂਚ ਲਈ ਵਰਤੀ ਜਾਂਦੀ ਕਿੱਟ ਦੇ ਹਿੱਸੇ ਵਜੋਂ ਵੇਚਦਾ, ਸਪਲਾਈ ਕਰਦਾ ਜਾਂ ਵੰਡਦਾ ਹੈ ( ਜਿਵੇਂ ਵੀ ਮਾਮਲੇ ਦੀ ਲੋੜ ਹੈ)।

(3) ਇਸ ਨਿਯਮ ਦੇ ਉਦੇਸ਼ਾਂ ਲਈ —

(a) ਇੱਕ ਡਾਕਟਰੀ ਉਦੇਸ਼ ਵਿੱਚ ਸ਼ਾਮਲ ਹਨ —

(i) ਡਾਕਟਰੀ ਜਾਂ ਦੰਦਾਂ ਦੀ ਸਹੂਲਤ ਜਾਂ ਦੇਖਭਾਲ ਦੀ ਸਹੂਲਤ 'ਤੇ ਨਿਵਾਸੀਆਂ ਦੀ ਕਲੀਨਿਕਲ ਦੇਖਭਾਲ, ਪ੍ਰਬੰਧਨ ਜਾਂ ਇਲਾਜ ਨਾਲ ਸੰਬੰਧਿਤ ਉਦੇਸ਼; ਅਤੇ

(ii) ਵੈਟਰਨਰੀ ਦਵਾਈ ਜਾਂ ਇਲਾਜ ਨਾਲ ਸੰਬੰਧਿਤ ਉਦੇਸ਼,

ਪਰ —

(iii) ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਫੰਬਿਆਂ ਦੇ ਮਾਮਲੇ ਵਿੱਚ - ਕਾਸਮੈਟਿਕ ਉਦੇਸ਼ ਸ਼ਾਮਲ ਨਹੀਂ ਹੈ; ਅਤੇ

(iv) ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੇ ਕਟੋਰੇ ਦੇ ਮਾਮਲੇ ਵਿੱਚ - ਲੋਕਾਂ ਨੂੰ ਭੋਜਨ ਜਾਂ ਪੀਣ ਵਾਲੇ ਪਦਾਰਥ ਪਰੋਸਣ ਲਈ ਵਰਤੇ ਜਾਂਦੇ ਕਟੋਰੇ ਸ਼ਾਮਲ ਨਹੀਂ ਹਨ; ਅਤੇ

(b) ਡਾਕਟਰੀ ਜਾਂਚ ਵਿੱਚ ਵੈਟਰਨਰੀ ਦਵਾਈ ਜਾਂ ਇਲਾਜ ਨਾਲ ਸੰਬੰਧਿਤ ਟੈਸਟ ਸ਼ਾਮਲ ਹੁੰਦੇ ਹਨ।

**ਸੰਪਾਦਕੀ ਨੋਟ** —

ਜਿਵੇਂ ਕਿ Legislative Instruments Act 1978 (ਲੈਜਿਸਲੇਟਿਵ ਇੰਸਟਰੂਮੈਂਟਸ ਐਕਟ 1978) ਦੀ ਧਾਰਾ 10AA(2) ਦੁਆਰਾ ਲੋੜੀਂਦਾ ਹੈ, ਇਸ ਬਾਰੇ ਮੰਤਰੀ ਨੇ ਪ੍ਰਮਾਣਿਤ ਕੀਤਾ ਹੈ ਕਿ, ਮੰਤਰੀ ਦੀ ਰਾਏ ਵਿੱਚ, ਇਹ ਜ਼ਰੂਰੀ ਜਾਂ ਢੁੱਕਵਾਂ ਹੈ ਕਿ ਇਹ ਨਿਯਮ ਇਹਨਾਂ ਨਿਯਮਾਂ ਵਿੱਚ ਦੱਸੇ ਅਨੁਸਾਰ ਕੰਮ ਵਿੱਚ ਆਉਣ।

## ਰਾਜਪਾਲ ਵੱਲੋਂ ਕੀਤੀ ਗਈ

ਕਾਰਜਕਾਰੀ ਕੌਂਸਲ ਦੀ ਸਲਾਹ ਅਤੇ ਸਹਿਮਤੀ ਨਾਲ

2022 ਨੂੰ

DRAFT